ਮਾਤਾ ਸੁੰਦਰੀ ਕਾਲਜ ਫਾਰ ਵੁਮੈਨ
(ਦਿੱਲੀ ਯੂਨੀਵਰਸਿਟੀ)

ਈ-ਜਰਨਲ

# ਆਰਸੀ

ਵਿਦਿਆਰਥੀ ਸੰਪਾਦਕ
ਰਾਜਦੀਪ ਕੌਰ
ਅੰਮ੍ਰਿਤਾ

ਪੰਜਾਬੀ ਵਿਭਾਗ

MATA SUNDRI COLLEGE

50 Years

Golden Jubilee

ਮਾਤਾ ਸੁੰਦਰੀ ਕਾਲਜ ਫਾਰ ਵੂਮੈਨ

50 years

Golden Jubilee

50 Years Golden Jubilee



# ਮਾਤਾ ਸੁੰਦਰੀ ਜੀ

(1667 - 1747)

MATA SUNDRI COLLEGE

MATA SUNDRI COLLEGE

# ਮਾਤਾ ਸੁੰਦਰੀ ਕਾਲਜ ਦੇ
# ਗੋਲਡਨ ਜੁਬਲੀ ਜਸ਼ਨਾਂ ਮੌਕੇ
# ਈ-ਜਰਨਲ ਆਰਸੀ
# ਦਾ ਪਲੇਠਾ ਐਡੀਸ਼ਨ
# ਰਿਲੀਜ਼ ਕਰਨ ’ਤੇ
# ਬਹੁਤ-ਬਹੁਤ ਵਧਾਈ !

**- ਚੇਅਰਮੈਨ**



## ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ
## ਕੌਮਾਂਤਰੀ ਪ੍ਰਧਾਨ
## ਵਿਸ਼ਵ ਪੰਜਾਬੀ ਸੰਸਥਾ

# ਪ੍ਰਿੰਸੀਪਲ ਸੁਨੇਹਾ



ਮਾਤਾ ਸੁੰਦਰੀ ਕਾਲਜ ਦੇ ਗੋਲਡਨ ਜੁਬਲੀ 50 ਸਾਲਾ ਜਸ਼ਨਾਂ ਮੌਕੇ ਕਾਲਜ ਦੇ ਪੰਜਾਬੀ ਵਿਭਾਗ ਦਾ ਸਿਰਜਨਾਤਮਕ ਸੋਚ ਪੈਦਾ ਕਰਨ ਵਾਲਾ ਇਹ ਈ-ਜਰਨਲ (e-Journal) **ਆਰਸੀ** ਸ਼ਾਨਦਾਰ ਤੇ ਸ਼ਲਾਘਾਯੋਗ ਯਤਨ ਹੈ।

**ਈ-ਜਰਨਲ ਆਰਸੀ** ਦੇ ਇਸ ਪਹਿਲੇ ਪਲੇਠੇ ਨਵਹੁਨਰ ਐਡੀਸ਼ਨ ਨੂੰ ਰਿਲੀਜ਼ ਕਰਦਿਆਂ ਪੰਜਾਬੀ ਵਿਭਾਗ, ਇਸ ਦੇ ਮੁਖੀ ਅਮਰਜੀਤ ਕੌਰ ਤੇ ਖ਼ਾਸ ਤੌਰ 'ਤੇ ਇਸ ਦੇ ਸੰਪਾਦਕ ਡਾ. ਵਿਨਾਕਸ਼ੀ ਸ਼ਰਮਾ ਨੂੰ ਹਾਰਦਿਕ ਵਧਾਈ ਦਿੰਦੀ ਕਾਮਨਾ ਕਰਦੀ ਹਾਂ ਕਿ ਉਹ ਭਵਿੱਖ 'ਚ ਆਪਣੀ ਹਰ ਕੋਸ਼ਿਸ਼ ਵਿੱਚ ਸਫ਼ਲ ਹੋਣ!

ਉਮੀਦ ਹੀ ਨਹੀਂ, ਮੈਨੂੰ ਪੂਰਾ ਯਕੀਨ ਹੈ ਕਿ ਪੰਜਾਬੀ ਵਿਭਾਗ ਆਪਣੇ ਸਿੱਖਿਆ ਸਿਸਟਮ ਵਿਚ ਇਸ ਤਰ੍ਹਾਂ ਦੀਆਂ ਨਵੀਨਤਮ-ਤਕਨੀਕਾਂ ਰਾਹੀਂ ਸਿੱਖਿਆ ਕਾਰਜ ਪ੍ਰਣਾਲੀਆਂ ਨੂੰ ਜੋੜਦਾ ਰਹੇਗਾ।

**ਮਾਤਾ ਸੁੰਦਰੀ ਕਾਲਜ ਦੇ ਗੋਲਡਨ ਜੁਬਲੀ 50 ਸਾਲਾ ਜਸ਼ਨਾਂ ਦੀ ਬਹੁਤ-ਬਹੁਤ ਵਧਾਈ!**

**- ਡਾ. ਕਵਰਜੀਤ ਕੌਰ**
ਪ੍ਰਿੰਸੀਪਲ ਆਫੀਸ਼ੇਟਿੰਗ

MATA SUNDRI COLLEGE

MATA SUNDRI COLLEGE

Golden Jubilee

50 Years

ਸਰਬੰਸਦਾਨੀ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ

## 350 ਸਾਲਾ

## ਪਾਵਨ ਪ੍ਰਕਾਸ਼ ਪੁਰਬ

ਦੀ

## ਬਹੁਤ - ਬਹੁਤ ਵਧਾਈ

*ਆਓ, ਇਸ ਅਜ਼ੀਮ ਸ਼ਖ਼ਸੀਅਤ, ਮਨੁੱਖਤਾ ਦੇ ਮੁਜੱਸਮ, ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਜਦਾ ਕਰਦਿਆਂ ਨਤਮਸਤਕ ਹੋਈਏ। ਉਹਨਾਂ ਦਾ ਪਿਆਰ ਤੇ ਅਸ਼ੀਰਵਾਦ ਮਿਲੇ। ਆਮੀਨ !*

– ਡਾ. ਵਿਨਾਕਸ਼ੀ ਸ਼ਰਮਾ



# ਸੰਪਾਦਕੀ



## 'ਵਿਦਿਆ ਵੀਚਾਰੀ ਤਾਂ ਪਰਉਪਕਾਰੀ'

**ਸਰਬੰਸ ਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦੇ ਨਾਂ 'ਤੇ ਸਸ਼ੋਭਤ ਮਾਤਾ ਸੁੰਦਰੀ ਕਾਲਜ ਫਾਰ ਵੁਮੈਨ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਜ਼ਹਿਨ 'ਚ ਸਮੋਈ ਵਿੱਦਿਆ ਦੀ ਦਾਤ ਵੰਡਦਾ ਆ ਰਿਹਾ ਹੈ, ਪਿਛਲੇ 50 ਸਾਲ ਤੋਂ।**

ਇਹ ਕਾਲਜ ਜੋ ਕਦੇ ਇਤਿਹਾਸਕ ਗੁਰਦੁਆਰਾ ਮਾਤਾ ਸੁੰਦਰੀ ਦੇ ਵਿਹੜੇ 'ਚ ਬਣੇ ਸ਼ੈਡਾਂ ਵਿਚ ਅਤਿ ਦੀ ਗਰਮੀ ਤੇ ਕਹਿਰ ਦੀ ਠੰਢ ਦੇ ਮੌਸਮਾਂ ਦੀ ਮਾਰ ਝਲਦਿਆਂ ਆਪਣੇ ਸਿੱਖ ਇਤਿਹਾਸ ਤੋਂ ਪ੍ਰੇਰਤ ਫਿਰ ਵੀ ਸੀ ਨਾ ਕਰਦਿਆਂ ਪੂਰੀ ਸ਼ਿਦਤ ਨਾਲ ਆਪਣੇ ਫਰਜ਼ ਨਿਭਾਉਂਦਾ ਰਿਹਾ ਹੈ, ਦੀ ਅੱਜ ਆਪਣੀ ਆਲੀਸ਼ਾਨ ਇਮਾਰਤ ਹੀ ਨਹੀਂ, ਆਧੁਨਿਕ ਸਹੂਲਤਾਂ ਨਾਲ ਲੈਸ ਆਡੀਟੋਰੀਅਮ ਹੈ ਤੇ ਦਿੱਲੀ ਯੂਨੀਵਰਸਿਟੀ ਦੇ ਸਭ ਤੋਂ ਅਹਿਮ ਗਿਣੇ-ਚੁਣੇ ਕਾਲਜਾਂ ਵਿਚ ਸ਼ੁਮਾਰ ਹੈ।



ਮਾਤਾ ਸੁੰਦਰੀ ਕਾਲਜ ਦੇ ਸਭ ਤੋਂ ਪਹਿਲੇ ਬਾਨੀ ਪ੍ਰਿੰਸੀਪਲ ਸ੍ਰੀਮਤੀ ਐਸ.ਐਮ. ਸਿੰਘ, ਰਜਿੰਦਰ ਕੌਰ ਤੇ ਡਾ. ਆਰ. ਕੇ. ਮਾਨ ਸਿੰਘ ਤੋਂ ਲੈ ਕੇ ਡਾ. ਮਹਿੰਦਰ ਕੌਰ ਗਿੱਲ ਦੀ ਰਹਿਨੁਮਈ ਤੱਕ ਇਸ ਕਾਲਜ ਨੇ ਸਿੱਖ ਇਤਿਹਾਸ ਵਾਂਗ ਕਈ ਤਰ੍ਹਾਂ ਦੀ ਦੁਸ਼ਵਾਰੀ ਦੇ ਬਾਵਜੂਦ ਕਦੇ ਹਾਰ ਨਹੀਂ ਮੰਨੀ।

...ਤੇ ਆਪਣੇ ਆਪ ਨੂੰ ਦਿੱਲੀ ਦੇ ਕਹਿੰਦੇ-ਕਹਾਉਂਦੇ ਕਾਲਜਾਂ ਦੀ ਕਤਾਰ 'ਚ ਲਿਆ ਖੜ੍ਹਾ ਕੀਤਾ। ਕਾਲਜ ਦੀ ਮੌਜੂਦਾ ਇਮਾਰਤ 'ਚੋਂ ਡਾ. ਮਹਿੰਦਰ ਕੌਰ ਗਿੱਲ ਤੋਂ ਬਾਅਦ ਡਾ. ਸਤਨਾਮ ਕੌਰ ਤੇ ਹੁਣ ਡਾ. ਕਵਰਜੀਤ ਕੌਰ ਇਸ ਕਾਲਜ ਦੀ ਰਹਿਨੁਮਾਈ ਕਰ ਰਹੇ ਹਨ। ਸ੍ਰੀਮਤੀ ਅਮਰਜੀਤ ਕੌਰ ਬਤੌਰ ਮੁਖੀ ਪੰਜਾਬੀ ਵਿਭਾਗ ਮਾਂ-ਬੋਲੀ ਪੰਜਾਬੀ ਦਾ ਕਰਜ਼ ਉਤਾਰਨ 'ਚ ਪੂਰੀ ਵਾਹ ਲਾ ਰਹੇ ਹਨ।

**ਕੁੜੀਆਂ ਦਾ ਇਹ ਮਾਤਾ ਸੁੰਦਰੀ ਕਾਲਜ 1967 ਵਿਚ ਪੰਥ ਰਤਨ ਜਥੇਦਾਰ ਸੰਤੋਖ ਸਿੰਘ ਦੇ ਅਣਥੱਕ ਯਤਨਾਂ ਸਦਕਾ ਹੋਂਦ ਵਿਚ ਆਇਆ ਵਰਨਾ ਦਿੱਲੀ ਯੂਨੀਵਰਸਿਟੀ ਤਾਂ ਇਜਾਜ਼ਤ ਹੀ ਨਹੀਂ ਸੀ ਦਿੰਦੀ।**

**ਪਰ ਜਥੇਦਾਰ ਸੰਤੋਖ ਸਿੰਘ ਨੇ ਹੁਕਮਰਾਨਾਂ ਦੀ ਸਹਾਇਤਾ ਨਾਲ ਯੂ.ਜੀ.ਸੀ. ਨਿਯਮਾਂ ਨੂੰ ਟਿੱਚ ਸਮਝ ਅਦਬ ਦੀ ਖਾਤਰ ਇਸ ਅਹਿਮ ਥਾਂ 'ਤੇ ਦਿੱਲੀ ਦੇ ਰਾਊਜ਼ ਐਵੇਨਿਊ ਜਿਹੇ ਮਹਿੰਗੇ ਇਲਾਕੇ ਵਿਚ ਚਾਲੂ ਕਰ ਕੇ ਮਾਤਾ ਸੁੰਦਰੀ ਜੀ ਨੂੰ ਸਮਰਪਿਤ ਕੀਤਾ, ਜਿਹੜਾ ਹੁਣ ਅਗਲੇ ਸਾਲ 2017 ਵਿਚ ਗੋਲਡਨ ਜੁਬਲੀ ਜਸ਼ਨ ਮਨਾਉਣ ਲਈ ਪੱਬਾਂ ਭਾਰ ਹੈ।**

ਮਾਤਾ ਸੁੰਦਰੀ ! ਮਾਤਾ ਸੁੰਦਰੀ ਜੀ ਦਾ ਸਾਹਿਬਜ਼ਾਦੇ ਨਜ਼ਰ ਨਾ ਆਉਣ 'ਤੇ ਦਸ਼ਮੇਸ਼ ਪਿਤਾ ਨਾਲ ਕਾਲਜੇ ਨੂੰ ਧੂਹ ਪਾਉਣ ਵਾਲਾ ਵੈਰਾਗਮਈ ਸੰਵਾਦ ਦ੍ਰਿਸ਼ ਅੱਖਾਂ ਸਾਹਮਣੇ ਆ ਗਿਆ। ਕਦੇ ਇਹਨੂੰ ਸਰਵਜੀਤ ਦੀ ਸੋਜ਼ਮਈ ਆਵਾਜ਼ 'ਚ ਸੁਣਿਉ ਜ਼ਰੂਰ :

ਮਾਤਾ ਸੁੰਦਰੀ ਪੁੱਛੇ ਬਾਜਾਂ ਵਾਲਿਓ  
ਮੇਰੇ ਲਾਲ ਪਿਆਰੇ ਤੁਹਾਡੇ ਨਾਲ ਨਹੀਂ  
ਦੇ ਦੇ ਲੋਰੀਆਂ ਜਿਨ੍ਹਾਂ ਨੂੰ ਮੈ ਸੀ ਪਾਲਿਆ  
ਉਹ ਅੱਖੀਆਂ ਦੇ ਤਾਰੇ ਤੁਹਾਡੇ ਨਾਲ ਨਹੀਂ।  
ਕਿੱਥੇ ਛੱਡ ਆਇਓ ਹੰਸਾਂ ਦੀ ਡਾਰ ਨੂੰ  
ਕਿੱਥੇ ਛੱਡ ਆਇਓ ਮਿੱਠੇ-ਮਿੱਠੇ ਪਿਆਰ ਨੂੰ  
ਮਾਵਾਂ ਪੁੱਤਰਾਂ ਦੇ ਬਾਝ ਨਾ ਸੁਹਾਂਦੀਆਂ  
ਮਾਵਾਂ ਪੁੱਤਰਾਂ ਤੋਂ ਵਾਰੇ-ਵਾਰੇ ਜਾਂਦੀਆਂ  
ਤੁਸੀਂ ਸਾਗਰ ਅਥਾਹ ਹੋ ਬਾਜਾਂ ਵਾਲਿਓ  
ਅੱਜ ਦਿਸਦੇ ਕਿਨਾਰੇ ਤੁਹਾਡੇ ਨਾਲ ਨਹੀਂ  
ਮੇਰੇ ਲਾਲ ਪਿਆਰੇ ਤੁਹਾਡੇ ਨਾਲ ਨਹੀਂ  
ਤੇ ਜਿਗਰਾ ਗੁਰੂ ਸਾਹਿਬ ਦਾ !  
ਤੁਸਾਂ ਕਹਿ ਲਿਆ ਬੜਾ ਕੁਝ ਕਹਿ ਲਿਆ  
ਅਸਾਂ ਚੁੱਪ ਵੱਟ ਸਾਰਾ ਕੁਝ ਸਹਿ ਲਿਆ  
ਤੇਰੇ ਲਾਲਾਂ ਉਬਤੇ ਮਾਣ ਸਾਰੇ ਜੱਗ ਨੂੰ  
ਉਨ੍ਹਾਂ ਉਬਚਾ ਕੀਤਾ ਦਾਦੇ ਦੀ ਹੈ ਪੱਗ ਨੂੰ  
ਸਿਰ ਕਰਜ਼ਾ ਨਾ ਰੱਖਿਆ ਗੋਬਿੰਦ ਨੇ  
ਤਾਈਓਂ ਰਾਜ ਦੁਲਾਰੇ ਮੇਰੇ ਨਾਲ ਨਹੀਂ...।

ਪਰ ਬੜਾ ਦੁੱਖ ਤੇ ਕਾਲਜੇ 'ਚੋਂ ਰੁੱਗ ਭਰਿਆ ਜਾਂਦਾ ਹੈ ਜਦ ਇੱਥੋਂ ਤਾਲੀਮ (ਵਿੱਦਿਆ) ਲੈਂਦੀਆਂ ਵਿਦਿਆਰਥਣਾਂ ਨੂੰ ਅਕਸਰ ਮਾਤਾ ਸੁੰਦਰੀ ਜੀ ਬਾਰੇ ਹੀ ਪਤਾ ਨਹੀਂ ਹੁੰਦਾ ਤੇ ਫਿਰ ਜੰਮੀਆਂ-ਪਲੀਆਂ ਸਿੱਖ ਪਰਿਵਾਰਾਂ 'ਚ ਹੋਣ, ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰ ਬਾਰੇ, ਸਿੱਖ ਇਤਿਹਾਸ ਦੀ ਜਾਣਕਾਰੀ ਨਾ ਹੋਵੇ।

**ਮਾਤਾ ਸੁੰਦਰੀ ਕਾਲਜ 'ਚ ਪੜ੍ਹਦਿਆਂ ਮਾਤਾ ਸੁੰਦਰੀ ਬਾਰੇ ਹੀ ਸੰਪੂਰਨ ਗਿਆਨ ਤੋਂ ਵਾਂਝੇ ਰਹਿ ਜਾਣ, ਇਸ ਤੋਂ ਵੱਡਾ ਦੁੱਖ ਹੋਰ ਕੀ ਹੋ ਸਕਦਾ ਹੈ।**

ਅਜੇ ਵੀ ਸੁਨਹਿਰੀ ਮੌਕਾ ਹੈ, ਕਾਲਜ ਵੱਲੋਂ ਮਨਾਈ ਜਾ ਰਹੀ ਆਪਣੇ ਸਥਾਪਨਾ ਦਿਵਸ ਦੀ ਗੋਲਡਨ ਜੁਬਲੀ ਮੌਕੇ ਆਪਣੀ ਬੇਮਿਸਾਲ ਅਮੀਰ ਸਿੱਖ ਵਿਰਾਸਤ ਨੂੰ ਆਪਣੇ ਦਿਲ-ਦਿਮਾਗ਼ 'ਚ ਜਗ੍ਹਾ ਦੇਣ ਦਾ, ਜੋ ਇੱਥੇ ਪੜ੍ਹਦਿਆਂ ਕਾਲਜ ਦੇ ਮਾਧਿਅਮ ਰਾਹੀਂ ਗਿਆਨ 'ਚ ਪ੍ਰਪੱਕ ਹੋ ਕੇ ਬਾਕੀ ਕੌਮਾਂ 'ਚ ਵੀ ਸੁਗੰਧੀਆਂ ਬਿਖੇਰਨ।

**ਮਾਤਾ ਸੁੰਦਰੀ ਕਾਲਜ 'ਚੋਂ ਪੜ੍ਹ ਕੇ ਅਗਲੇਰੀ ਪੜ੍ਹਾਈ ਤੇ ਜ਼ਿੰਦਗੀ 'ਚ ਹਰ ਖੇਤਰ ਵਿਚ ਸ਼ੋਹਰਤ ਤੇ ਖੁਸ਼ਹਾਲੀ ਦੀਆਂ ਬੁਲੰਦੀਆਂ 'ਤੇ ਪਹੁੰਚਣ ਦੀ ਕਾਮਨਾ ਤਹਿਤ ਕਾਲਜ ਦੀ ਗੋਲਡਨ ਜੁਬਲੀ ਮੌਕੇ ਇਹਦੇ 50 ਸਾਲ ਦਾ ਹੋਣ 'ਤੇ ਆਉਣ ਦੀ ਬਹੁਤ-ਬਹੁਤ ਵਧਾਈ। ਸ਼ੁਭ ਇੱਛਾਵਾਂ !**

**ਕਾਦਰ, ਸੱਚੇ ਪਾਤਿਸ਼ਾਹ ਅੱਗੇ ਇਹੋ ਅਰਜੋਈ ਕਿ ਇਹ ਹੋਰ ਵੀ 'ਦਿਨ ਦੁੱਗਣੀ ਰਾਤ ਚੌਗਣੀ' ਉਨਤੀ ਕਰਦਾ ਸਫ਼ਲਤਾ ਤੇ ਸ਼ੋਹਰਤ ਦੀਆਂ ਬੁਲੰਦੀਆਂ ਨੂੰ ਛੋਹੇ। ਆਮੀਨ !**


– ਡਾ. ਵਿਨਾਕਸ਼ੀ ਸ਼ਰਮਾ  
ਅਸਿਸਟੈਂਟ ਪ੍ਰੋਫੈਸਰ  
drveenakshi@gmail.com




**ਮਾਤਾ ਸੁੰਦਰੀ ਕਾਲਜ**  
ਗੋਲਡਨ ਜੁਬਲੀ ਜਸ਼ਨਾਂ ਮੌਕੇ  
**ਈ-ਜਰਨਲ ਆਰਸੀ**  
ਰਿਲੀਜ਼ ਕਰਨ 'ਤੇ  
**ਬਹੁਤ-ਬਹੁਤ ਵਧਾਈ !**

**ਅਮਰਜੀਤ ਕੌਰ**  
**ਮੁਖੀ, ਪੰਜਾਬੀ ਵਿਭਾਗ**

# ਜ਼ਿੰਦਗੀ ਦੀਆਂ ਰਾਹਾਂ ’ਤੇ

ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ
ਮੈਂ ਕੀ-ਕੀ ਦੁੱਖ ਸੁਣਾਵਾਂ
ਸਮਝਿਆ ਜਿਹਨੂੰ ਮੈਂ ਆਪਣਾ,
ਉਹੀਓ ਡੰਗ ਮਾਰਦਾ ਲੰਘਿਆ।

ਜਿੰਨ੍ਹਾ ਨੇ ਆਖ ਕੇ ਮੈਨੂੰ ਆਪਣਾ
ਅੱਧ ਵਿਚਾਲੇ ਛੱਡਿਆ,
ਮੈਂ ਖੜ੍ਹੀ ਇਕੱਲੀ ਉਡੀਕਦੀ, ਵਿਚ ਰਾਹਾਂ,
ਮੇਰੇ ਦਿਲ ਵਿਚ ਵਸ ਗਿਆ,
ਦੁੱਖ ਉਹਨਾਂ ਆਪਣਿਆਂ ਦਾ,
ਮੈਂ ਕੀ-ਕੀ ਦੁੱਖ ਸੁਣਾਵਾਂ,
ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ,
ਮੈਂ ਕੀ-ਕੀ ਦੁੱਖ ਸੁਣਾਵਾਂ

ਜਿੰਨੇ ਵੀ ਮਿਲੇ ਮੈਨੂੰ ਅੱਜ ਤੱਕ,
ਉਹਨਾਂ ਮੈਨੂੰ ਵਰਤਿਆ ਆਪਣੇ ਮਤਲਬ ਤੱਕ।
ਕੁਝ ਮਿਲੇ ਜਿੰਨ੍ਹਾ ਮੇਰਾ ਦੁੱਖ ਵੰਡਿਆ,
ਪਰ ਉਹ ਮੇਰੇ ਸੀ ਆਪਣੇ ਨਹੀਂ।

ਰੁਕਦਾ ਤਾਂ ਨਹੀਂ ਕਾਫ਼ਲਾ ਮੇਰੇ ਦਰਦਾਂ ਦਾ
ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ,
ਮੈਂ ਕੀ-ਕੀ ਦੁੱਖ ਸੁਣਾਵਾਂ

ਚਲਦੀ ਇਸ ਜ਼ਿੰਦਗੀ ਵਿਚ, ਹਰ ਕੋਈ ਇਕੱਲਾ ਹੈ,
ਆਉਂਦੇ ਸਾਰੇ ਇਕੱਲੇ, ਜਾਂਦੇ ਵੀ ਇਕੱਲੇ ਨੇ
‘ਦੀਪ’ ਦੀਆਂ ਲਿਖੀਆਂ ਲਾਈਨਾਂ ਦਾ,
ਹੁਣ ਕੀ ਹੱਲ ਹੈ ਨਿਕਲਦਾ,
ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ,
ਮੈਂ ਕੀ-ਕੀ ਦੁੱਖ ਸੁਣਾਵਾਂ,
ਮੈਂ ਕੀ-ਕੀ ਦੁੱਖ ਸੁਣਾਵਾਂ,
ਜ਼ਿੰਦਗੀ ਦੀਆਂ ਰਾਹਾਂ ਦਾ।



- ਮਨਦੀਪ ਕੌਰ
ਪੰਜਾਬੀ ਆਨਰਜ਼
ਦੂਜਾ ਸਾਲ

# ਬਚਪਨ ਦਾ ਜ਼ਮਾਨਾ

ਇਕ ਬਚਪਨ ਦਾ ਜ਼ਮਾਨਾ ਸੀ,
ਜਿਸ ਵਿਚ ਖ਼ੁਸ਼ੀਆਂ ਦਾ ਖ਼ਜ਼ਾਨਾ ਸੀ ।
ਖ਼ਾਹਿਸ਼ ਚੰਦ ਨੂੰ ਪਾਉਣ ਦੀ
ਪਰ ਦਿਲ ਤਿਤਲੀ ਦਾ ਦੀਵਾਨਾ ਸੀ,

ਖ਼ਬਰ ਨਾ ਸੀ ਸਵੇਰ ਦੀ
ਨਾ ਸ਼ਾਮ ਦਾ ਟਿਕਾਣਾ
ਥੱਕ ਕੇ ਆਉਣਾ ਸਕੂਲ ਤੋਂ
ਪਰ ਖੇਡਣ ਵੀ ਜਾਣਾ ਸੀ ।
ਮਾਂ ਦੀ ਕਹਾਣੀ ਸੀ

ਪਰੀਆਂ ਦਾ ਫ਼ਸਾਨਾ ਸੀ
ਬਾਰਿਸ਼ ਵਿਚ ਕਾਗਜ਼ ਦੀ ਕਿਸ਼ਤੀ
ਹਰ ਮੌਸਮ ਸੁਹਾਨਾ ਸੀ
ਇਕ ਬਚਪਨ ਦਾ ਜ਼ਮਾਨਾ ਸੀ ।



- ਦਵਿੰਦਰ ਕੌਰ
ਪੰਜਾਬੀ ਆਨਰਜ਼
ਦੂਜਾ ਸਾਲ

MATA SUNDRI COLLEGE

# 'ਧੀ ਦਾ ਸਫਰ '



ਹੈਗੀ ਆਂ ਧੀ ਇੱਕ ਪੰਛੀ ਵਰਗੀ
ਮਾਰ ਉਡਾਰੀ ਇਕ ਦਿਨ ਉਡ ਜਾਣਾ
ਮਾਂ-ਪਿਉ ਦੇ ਮਹਿਲਾ ਵਿੱਚੋਂ,
ਨਾ ਜਾਣੇ ਕਿਹੜੇ ਘਰ ਜਾਣਾ
ਬਣਾਉਣਾ ਤਾਂ ਉਥੇ ਵੀ ਹੈ ਇਕ ਆਲ੍ਹਣਾ,
ਆਪਣੇ ਪਰਿਵਾਰ ਵਰਗਾ
ਜਿੱਥੇ ਰੱਖਣਾ ਹੈ ਸਭ ਨੂੰ ਸਾਂਭ ਇਕ ਸੰਸਾਰ ਵਰਗਾ
ਏਦਾਂ ਦਾ ਕੋਈ ਕੰਮ ਨਹੀਂ ਕਰਨਾ
ਬਾਪ ਦੀ ਪੱਗ ਨੂੰ ਦਾਗ ਲੱਗਣ ਨਹੀਂ ਦੇਣਾ
ਰਹਿਣਾ ਹੈ ਮਾਂ ਦੀ ਪਰਾਈ ਬਣਕੇ
ਰੱਖਣੀ ਹੈ ਜਗ੍ਹਾ, ਹਰ ਦਿਲ 'ਚ ਵਸਾ ਕੇ

ਸਦਾ ਰੱਖਾਂਗੀ ਖ਼ੁਸ਼ੀਆਂ ਘਰ ਵਿੱਚ,
ਦੁੱਖ ਨੇੜੇ ਵੀ ਲੱਗਣ ਨਹੀਂ ਦੇਣਾ
ਜ਼ੋਰ ਦੇ ਦਿੱਭਾ-ਦਿੱਭਾ ਮੈਂ ਬਣਾਈ ਹੈ ਇਕ ਰੇਲ ਸੁਹਾਨੀ
ਜੋੜ ਕੇ ਡੱਬਾ-ਡੱਬਾ,
ਮੈਂ ਬਨਾਉਣੀ ਹੈ ਇਹ ਰੇਲ ਸੁਹਾਨੀ
ਕਿਉਂਕਿ ਹੈਗੀ ਆਂ ਮੈਂ ਧੀ ਪੰਛੀ ਵਰਗੀ
ਮਾਰ ਉਡਾਰੀ ਇੱਕ ਦਿਨ ਉੱਡ ਜਾਣਾ

**ਕਵਲੀਨ ਕੌਰ**
ਪੰਜਾਬੀ ਆਨਰਜ਼
ਤੀਜਾ ਸਾਲ

# ਕੀ ਮੰਗੀਏ ਉਸ ਗੁਣੀਨਿਧਾਨ ਤੋਂ ?

ਵੈਸੇ ਦੇਖਿਆ ਜਾਏ ਤਾਂ ਪਰਮ ਪਿਤਾ ਪਰਮਾਤਮਾ ਨੇ ਸਾਨੂੰ ਮਨੁੱਖ ਜਾਤੀ ਨੂੰ ਸਭ ਕੁਝ ਦਿੱਤਾ ਹੈ-ਅਸੀਂ ਬੋਲ ਸਕਦੇ ਹਾਂ, ਹੱਸ ਸਕਦੇ ਹਾਂ, ਆਪਣੇ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾ ਸਕਦੇ ਹਾਂ, ਸਭ ਤੋਂ ਵੱਡੀ ਗੱਲ ਅਸੀਂ ਆਪਣਾ ਚੰਗਾ/ਭਲਾ ਆਪ ਸੋਚ ਸਕਦੇ ਹਾਂ ਅਤੇ ਪ੍ਰਮਾਤਮਾ ਦਾ ਨਾਮ ਜਪ ਸਕਦੇ ਹਾਂ। ਪਰ, ਜੋ ਸਾਡੀ ਜ਼ਿੰਦਗੀ ਦਾ ਮਨੋਰਥ ਹੈ ਅਸੀਂ ਉਸਨੂੰ ਪੂਰਾ ਨਹੀਂ ਕਰ ਸਕਦੇ। ਦੁਨੀਆਵੀ ਰੰਗ-ਤਮਾਸ਼ਿਆਂ ਵਿਚ ਅਸੀਂ ਇਨ੍ਹੀ ਬੁਰੀ ਤਰ੍ਹਾਂ ਡੁੱਬੇ ਹੋਏ ਹਾਂ ਕਿ ਪਰਮਾਤਮਾ ਨੂੰ ਤਾਂ ਯਾਦ ਕਰਨ ਦਾ ਵੀ ਵਕਤ ਨਹੀਂ ਹੈ। ਜੇ ਅਰਦਾਸ/ਬੇਨਤੀ/ਜੋਦੜੀ ਕਰਦੇ ਹਾਂ ਤਾਂ ਵੀ ਇਹ ਸੋਚਦੇ ਹਾਂ ਹੋਰ ਕੀ-ਕੀ ਮੰਗੀਏ....।

ਜੇਕਰ ਮੰਗਣਾ ਵੀ ਚਾਹੁੰਦੇ ਹੋ ਤਾਂ ਫਿਰ ਇਹ ਮੰਗੋ ਕਿ ਹੇ ਪਰਮ-ਪਿਤਾ ਪਰਮਾਤਮਾ ਮੇਰਾ ਇਸ ਜਹਾਨ ਵਿਚ ਕੁਝ ਵੀ ਨਹੀ, ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ। ਤੇ ਤੂੰ ਆਪਣੀ ਇੰਨੀ ਕਿਰਪਾ ਬਖ਼ਸ਼ ਕਿ ਤੇਰਾ ਦਿਤਾ ਗਿਆ ਇਸ ਸੀਸ ਹੈ ਇਹ ਤੇਰੇ ਸਜਦੇ ਲਈ ਹੀ ਝੁਕੇ ਜਾਂ ਫਿਰ ਕਿਸੇ ਦੇ ਸਤਿਕਾਰ ਵਿਚ। ਕਿਸੇ ਦੀ ਗ਼ੁਲਾਮੀ ਵਿਚ ਨਹੀਂ।

ਤੇਰੀ ਕਿਰਪਾ ਤੋਂ ਬਖ਼ਸ਼ੀਆਂ ਹੋਈਆਂ ਇਹ ਅੱਖਾਂ... ਇਨ੍ਹਾਂ ਵਿਚ ਨਿੱਕਲੇ ਹੰਝੂ ਵੀ ਤੇਰੇ ਹੀ ਸਾਹਮਣੇ ਆਉਣ। ਜਦੋਂ ਤੈਨੂੰ ਸੱਚੇ ਦਿਲੋਂ ਯਾਦ ਕੀਤਾ ਜਾਵੇ, ਇਹ ਅੱਖਾਂ ਸਿਰਫ਼ ਉਦੋਂ ਰੋਣ ਦੁਨੀਆਂ ਦੇ ਅੱਗੇ ਨਹੀਂ। ਦੁਨੀਆਂ ਲਈ ਇਨ੍ਹਾਂ ਹੰਝੂਆਂ ਦੀ ਨਾ ਹੀ ਕੋਈ ਮਹੱਤਤਾ ਹੈ ਅਤੇ ਨਾ ਹੀ ਕੋਈ ਕੀਮਤ।

ਤੇਰੀ ਕਿਰਪਾ ਤੋਂ ਬਖ਼ਸ਼ੀ ਇਹ ਜ਼ੁਬਾਨ ਜਦ ਵੀ ਖੁੱਲ੍ਹੇ, ਇਸਦੇ ਬੋਲਾਂ ਵਿਚ ਤੇਰਾ ਹੀ ਨਾਮ ਹੋਵੇ।

ਆਤਮਾ ਤੇ ਪਰਮਾਤਮਾ ਦਾ ਰਿਸ਼ਤਾ ਬਹੁਤ ਹੀ ਅਨਮੋਲ ਹੈ, ਇਸ ਅਨਮੋਲ ਰਿਸ਼ਤੇ ਨੂੰ ਹਰ ਵੇਲੇ ਆਪਣੇ ਸਾਹਾਂ ਤੋਂ ਵੀ ਨੇੜੇ ਰੱਖ ਕੇ, ਉਸ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਿਆਂ ਆਪਣਾ ਜੀਵਨ ਬਤੀਤ ਕਰਨਾ ਹੀ ਸਾਡੇ ਮਨੁੱਖੀ ਜੀਵਨ ਦਾ ਅਸਲੀ ਮਨੋਰਥ ਹੈ।

**ਕ੍ਰਿਸ਼ਮਾ ਪਾਠਕ**
ਪੰਜਾਬੀ ਆਨਰਜ਼
ਦੂਜਾ ਸਾਲ

# ਸਤਿਗੁਰੂ ਨਾਨਕ

ਜਦ ਜੱਗ ਤੇ ਜ਼ੁਲਮਾਂ ਦੀ ਹੋਈ ਬਰਸਾਤ,
ਆਇਆ ਇਕ ਅਵਤਾਰ ਰਾਤੋ-ਰਾਤ।
ਲੋਕੀਂ ਆਖਣ ਇਹੀ ਚਾਨਣ ਜੋ ਮੇਟੇ 'ਹਨੇਰਾ'
ਇਹੀ ਸਤਿਗੁਰੂ ਨਾਨਕ ਮੇਰਾ।
ਪਾਪ ਨੂੰ ਧੋਤਾ ਪੁੰਨ ਕਮਾਇਆ।
ਪਾਪੀਆਂ ਨੂੰ ਸਿੱਧੇ ਰਸਤੇ ਪਾਇਆ।
ਲਾਇਆ ਸਾਰੇ ਜੱਗ ਦਾ ਫੇਰਾ
ਇਹ ਸਤਿਗੁਰੂ ਨਾਨਕ ਮੇਰਾ



ਲੋਕਾਂ ਦੀ ਭਲਾਈ ਕਰਕੇ ਖੱਟੀ ਵਡਿਆਈ
ਸਾਰੇ ਜੱਗ ਦਾ ਮੇਟਿਆ ਹਨੇਰਾ,
ਇਹ ਸੀ ਸਤਿਗੁਰੂ ਨਾਨਕ ਮੇਰਾ।
ਲੋਕੀਂ ਆਖਣ ਇਹੀ ਚਾਨਣ ਜੋ ਮੇਟੇ
'ਹਨੇਰਾ'
ਇਹੀ ਸਤਿਗੁਰੂ ਨਾਨਕ ਮੇਰਾ।

- ਤਨਮੀਤ ਕੌਰ
ਬੀ.ਏ. (ਪ੍ਰੋਗਰਾਮ)

# ਗੁਰੂ ਦੀ ਮਹਿਮਾ

ਕਰਤਾਰਪੁਰ ਵਿਖੇ ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਬਹੁਤ ਸੰਗਤ ਆ ਗਈ। ਲੰਗਰ ਦਾ ਪ੍ਰਸ਼ਾਦ ਘੱਟ ਪੈਣ ਲੱਗਿਆ। ਇੱਕ ਸਿੱਖ ਨੇ ਗੁਰੂ ਜੀ ਨੂੰ ਆ ਕੇ ਦੱਸਿਆ ਤਾਂ ਗੁਰੂ ਜੀ ਨੇ ਹੁਕਮ ਕੀਤਾ, 'ਕਈ ਸਿੱਖ ਸਾਹਮਣੇ ਕਿੱਕਰ ਦੇ ਰੁੱਖ ਨੂੰ ਫੜ ਕੇ ਉਸ ਨੂੰ ਹਿਲਾਉਣ ਤਾਂ ਉਸ ਤੋਂ ਮਿਠਾਈਆਂ ਡਿੱਗਣਗੀਆਂ, ਉਹਨਾਂ ਨੂੰ ਸੰਗਤ ਵਿਚ ਵੰਡ ਦਿਉ। ਗੁਰੂ ਜੀ ਦੇ ਪੁੱਤਰ ਸ੍ਰੀ ਚੰਦ ਤੇ ਲੱਛਮੀ ਚੰਦ ਨੇ ਕਿਹਾ, "ਗੁਰੂ ਜੀ ਕਿੱਕਰ ਦਾ ਤੇ ਕੋਈ ਫਲ ਹੀ ਨਹੀਂ ਹੁੰਦਾ, ਉਸ ਦੇ ਤਾਂ ਕੰਡੇ ਹੀ ਕੰਡੇ ਹੁੰਦੇ ਹਨ, ਉਸ ਤੋਂ ਮਿਠਾਈਆਂ ਕਿਵੇਂ ਡਿੱਗਣਗੀਆਂ? ਕੁਝ ਹੋਰ ਸਿੱਖਾਂ ਨੇ ਕਿਹਾ ਕਿ "ਸਾਰਾ ਸੰਸਾਰ ਘੁੰਮ-ਘੁੰਮ ਕੇ ਗੁਰੂ ਜੀ ਬੁਢਾਪੇ 'ਚ ਸਠਿਆ ਗਏ ਹਨ, ਭਲਾ ਕਿੱਕਰ ਤੋਂ ਮਿਠਾਈਆਂ ਕਦੋਂ ਬਰਸਦੀਆਂ ਹਨ।"

ਸਾਰੀਆਂ ਗੱਲਾਂ ਸੁਣਨ ਮਗਰੋਂ ਭਾਈ ਲਹਿਣਾ ਜੀ ਨੂੰ ਹੁਕਮ ਹੋਇਆ, "ਲਹਿਣਿਆਂ ਤੂੰ ਚੜ੍ਹ"। ਬਗੈਰ ਇਕ ਪਲ ਦੀ ਦੇਰ ਕੀਤੇ, ਭਾਈ ਲਹਿਣਾ ਜੀ ਕਿੱਕਰ 'ਤੇ ਚੜ੍ਹ ਗਏ ਤੇ ਕਿੱਕਰ ਨੂੰ ਜ਼ੋਰ-ਜ਼ੋਰ ਦੀ ਹਿਲਾਉਣ ਲੱਗੇ। ਦੁਨੀਆਂ ਨੇ ਵੇਖਿਆ ਕਿੱਕਰ ਤੋਂ ਮਿਠਾਈਆਂ ਬਰਸੀਆਂ ਤੇ ਸੰਗਤ ਨੇ ਰੱਜ-ਰੱਜ ਕੇ ਖਾਧੀਆਂ। ਲਹਿਣਾ ਜੀ ਨੂੰ ਹੁਕਮ ਹੋਇਆ, "ਲਹਿਣੇ ਥੱਲੇ ਆ ਜਾ"। ਲਹਿਣਾ ਜੀ ਥੱਲੇ ਆ ਗਏ। ਗੁਰੂ ਜੀ ਨੇ ਪੁੱਛਿਆ, "ਜਦ ਕਿਸੇ ਨੂੰ ਇਸ ਗੱਲ 'ਤੇ ਭਰੋਸਾ ਨਹੀਂ ਸੀ ਤਾਂ ਤੂੰ ਕਿਉਂ ਕੀਤਾ ?" ਭਾਈ ਲਹਿਣੇ ਨੇ ਕਿਹਾ, ਗੁਰੂ ਜੀ ਤੁਸੀਂ ਹੀ ਸਿਖਾਇਆ ਹੈ ਕਿ ਕਦੋਂ, ਕਿਵੇਂ, ਕੈਸੇ, ਪਰੰਤੂ, ਕਿਉਂ, ਲੇਕਿਨ ਇਹ ਸ਼ਬਦ ਸੇਵਕ ਲਈ ਨਹੀਂ ਬਣੇ ਹਨ। ਮੇਰਾ ਵਿਸ਼ਵਾਸ਼ ਕਹਿੰਦਾ ਕਿ ਗੁਰੂ ਜੀ ਨੇ ਕਿਹਾ ਹੈ ਤਾਂ ਮਿਠਾਈਆਂ ਜ਼ਰੂਰ ਬਰਸਣਗੀਆਂ। ਕਿਉਂਕਿ ਮੇਰਾ ਗੁਰੂ ਸੱਚਾ ਹੈ ਤੇ ਮੇਰੀ ਅਕਲ ਛੋਟੀ।



ਗੁਰੂ ਜੀ ਨੇ ਇਹ ਸੁਣਦਿਆਂ ਹੀ ਭਾਈ ਲਹਿਣੇ ਨੂੰ ਛਾਤੀ ਨਾਲ ਲਗਾ ਲਿਆ। ਇਹੋ ਭਾਈ ਲਹਿਣਾ ਜੀ ਸਿੱਖਾਂ ਦੇ ਦੂਜੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਬਣ ਕੇ ਗੁਰੂ ਜੀ ਦੀ ਗੱਦੀ 'ਤੇ ਬੈਠੇ।

- ਤਨਮੀਤ ਕੌਰ
ਪੰਜਾਬੀ ਬੀ.ਏ.
ਪ੍ਰੋਗਰਾਮ
ਤੀਜਾ ਸਾਲ

MATA SUNDRI COLLEGE

# ਧੀਆਂ ਵੀ ਪੁੱਤਾਂ ਵਾਂਗ

ਸਾਡੇ ਸਮਾਜ ਵਿਚ ਹੁੰਦਾ ਹੈ ਮੁੰਡਿਆਂ ਦਾ ਸਤਿਕਾਰ
ਤੇ ਕੁੜੀਆ ਦਾ ਤਿਰਸਕਾਰ

ਪਰ ਜੇ ਮੁੰਡਾ ਸਾਡਾ ਵਾਰਸ ਹੈ
ਤੇ ਕੁੜੀ ਵੀ ਸਾਡੀ ਪਾਰਸ ਹੈ

ਜੇ ਮੁੰਡਾ ਸਾਡਾ ਵੰਸ਼ ਹੈ
ਤੇ ਕੁੜੀ ਵੀ ਸਾਡਾ ਅੰਸ਼ ਹੈ

ਪਰ ਜੇ ਸਾਡੇ ਸਮਾਜ ਵਿਚ ਮੁੰਡਿਆਂ ਦੇ ਸਾਰੇ ਅਧਿਕਾਰ ਨੇ
ਉਥੇ ਕੁੜੀਆਂ ਦਾ ਨਹੀਂ ਕੋਈ ਵੀ ਨਾਮੋ ਨਿਸ਼ਾਨ ਹੈ।

ਪਰ ਜੇ ਮੁੰਡਾ ਸਾਡੀ ਆਨ ਹੈ
ਤੇ ਕੁੜੀ ਵੀ ਸਾਡੀ ਸ਼ਾਨ ਹੈ

ਜੇ ਮੁੰਡਾ ਸਾਡਾ ਤਨ ਹੈ
ਤੇ ਕੁੜੀ ਵੀ ਸਾਡਾ ਮਨ ਹੈ

ਜੇ ਮੁੰਡਾ ਸਾਡਾ ਮਾਣ ਹੈ
ਤੇ ਕੁੜੀ ਵੀ ਸਾਡਾ ਗੁਮਾਨ ਹੈ

ਪਰ ਸਾਡੇ ਸਾਮਜ ਵਿਚ ਹੁੰਦਾ ਮੁੰਡਿਆਂ ਦਾ ਸਨਮਾਨ ਹੈ
ਤੇ ਕੁੜੀਆਂ ਦਾ ਕੁੱਖੋਂ ਅਪਮਾਨ ਹੈ।

ਪਰ ਜੇ ਮੁੰਡਾ ਸਾਡਾ ਸੰਸਕਾਰ ਹੈ
ਤੇ ਕੁੜੀ ਵੀ ਸਾਡਾ ਸਭਿਆਚਾਰ ਹੈ

ਜੇ ਮੁੰਡਾ ਸਾਡੀ ਦਵਾ ਹੈ
ਤੇ ਕੁੜੀ ਵੀ ਸਾਡੀ ਦੁਆ ਹੈ

ਪਰ ਏਨਾਂ ਹੀ ਕਾਫ਼ੀ ਨਹੀਂ ਸਾਡੇ ਸਮਾਜ ਵਿਚ
ਇਸ ਤੋਂ ਬਾਅਦ ਵੀ ਸਾਡੀਆਂ ਕੁੜੀਆਂ 'ਤੇ ਹੁੰਦਾ
ਅੱਤਿਆਚਾਰ ਹੈ।

ਜੇ ਮੁੰਡਾ ਸਾਡਾ ਭਾਗ ਹੈ
ਤੇ ਕੁੜੀ ਵੀ ਸਾਡੀ ਤਕਦੀਰ ਹੈ।

ਜੇ ਮੁੰਡਾ ਸਾਡਾ ਅੱਖਰ ਹੈ
ਤੇ ਕੁੜੀ ਵੀ ਉਹਦਾ ਭਾਵ ਹੈ।

ਜੇ ਮੁੰਡਾ ਸਾਡਾ ਗੀਤ ਹੈ
ਤੇ ਕੁੜੀ ਵੀ ਸਾਡਾ ਸੰਗੀਤ ਹੈ ।

ਇਸ ਲਈ ਕੁੜੀਆਂ ਨਾਲ ਸਾਨੂੰ ਪਿਆਰ ਹੈ
ਸਾਡੀਆਂ ਧੀਆਂ ਵੀ ਪੁੱਤਾਂ ਵਾਂਗ ਨੇ
ਤੇ ਕਰਨਾ ਹਰ ਵੇਲੇ ਉਹਨਾਂ ਦਾ ਸਤਿਕਾਰ ਹੈ ।



- ਰਿਤਿਕਾ ਯਾਦਵ
ਪੰਜਾਬੀ (ਆਨਰਜ਼)
ਤੀਜਾ ਸਾਲ

# ਯਾਦ ਆਉਂਦਾ ਹੈ ਉਹ ਜ਼ਮਾਨਾ

ਆਉਂਦਾ ਹੈ ਯਾਦ ਉਹ ਸਕੂਲ ਦਾ ਜ਼ਮਾਨਾ,
ਉਹ ਇਕ-ਦੂਜੇ ਨੂੰ ਬਚਾਉਣਾ,
ਕੋਈ ਪਰੇਸ਼ਾਨ ਹੋਵੇ ਤਾਂ ਰਲ ਕੇ ਉਸਨੂੰ ਸਮਝਾਉਣਾ,
ਸ਼ਰਾਰਤ ਕਰ ਕੇ ਚੁੱਪ ਹੋ ਜਾਣਾ,
ਕੱਠੇ ਬੈਠ ਕੇ ਹੱਸਣਾ-ਮੁਸਕਰਾਉਣਾ,
Physics ਅਤੇ Maths ਦੇ Period ਵਿੱਚ ਸੌਂ ਜਾਣਾ,
ਨਾਂ ਭੁੱਲਾਂਗੇ ਉਹ ਦਿਨ ਅਤੇ ਉਹ ਗੱਲਾਂ,
ਬੱਸ ਕੁਝ ਯਾਦਾਂ ਹਨ ਤੇ ਯਾਦਾਂ ਹੀ ਯਾਦਾਂ ।
ਆਉਂਦਾ ਹੈ ਯਾਦ ਉਹ...



- ਨਰਿੰਦਰਪਾਲ ਕੌਰ
ਬੀ.ਏ. ਪਾਸ
ਪਹਿਲਾ ਸਾਲ

# ਮਿੱਠੀ ਯਾਦ




## ਇਕ ਮੁਲਾਕਾਤ



## ਚਰਚਿਤ ਸੈਲਾਨੀ ਮਨਮੋਹਨ ਬਾਵਾ ਨਾਲ

**ਕਾਲਜ ਪ੍ਰਿੰਸੀਪਲ ਡਾ. ਕਵਰਜੀਤ ਕੌਰ ਤੇ ਪੰਜਾਬੀ ਵਿਭਾਗ**



# ਫੋਟੋ ਗੈਲਰੀ








MATA SUNDRI COLLEGE

# ਉਹ ਵੀ ਦਿਨ ਸਨ !



ਕਹਾਣੀਕਾਰ ਐਸ.ਐਸ. ਉੱਪਲ

ਡਾ. ਹਰਿਭਜਨ ਸਿੰਘ ਤੇ ਤਤਕਾਲੀਨ ਕਾਲਜ ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਿੱਲ







ਸਰਬੰਸਦਾਨੀ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ

## 350 ਸਾਲਾ

## ਪਾਵਨ ਪ੍ਰਕਾਸ਼ ਪੁਰਬ

ਦੀ

## ਬਹੁਤ - ਬਹੁਤ ਵਧਾਈ

– ਡਾ. ਵਿਨਾਕਸ਼ੀ ਸ਼ਰਮਾ



## ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ

ਮੈਂ ਕਿਸ ਹੰਝੂ ਦਾ ਦੀਵਾ ਬਾਲਕੇ ਤੇਰੀ ਆਰਤੀ ਗਾਵਾਂ,
ਮੈਂ ਕਿਹੜੇ ਸ਼ਬਦ ਦੇ ਬੂਹੇ ਤੇ ਮੰਗਣ ਗੀਤ ਅੱਜ ਜਾਵਾਂ,
ਜੋ ਤੈਨੂੰ ਕਰਨ ਭੇਟਾ ਮੈਂ ਤੇਰੇ ਦੁਆਰ ਤੇ ਆਵਾਂ,
ਮੇਰਾ ਕੋਈ ਗੀਤ ਨਹੀਂ ਐਸਾ ਜੋ ਤੇਰੇ ਮੇਚ ਆ ਜਾਵੇ,
ਭਰੇ ਬਜ਼ਾਰ ਵਿੱਚ ਜਾ ਕੇ ਜੋ ਆਪਣਾ ਸਿਰ ਕਟਾ ਆਵੇ,
ਜੋ ਆਪਣੇ ਸੋਹਲ ਛਿੰਦੇ ਬਾਲ ਨੀਂਹਾਂ ਵਿੱਚ ਚਿਣਾ ਆਵੇ,
ਤਿਹਾਏ ਸ਼ਬਦ ਨੂੰ ਤਲਵਾਰ ਦਾ ਪਾਣੀ ਪਿਆ ਆਵੇ,
ਜੋ ਲੁੱਟ ਜਾਵੇ ਤੇ ਫਿਰ ਵੀ ਯਾਰੜੇ ਦੇ ਸੱਥਰੀਂ ਗਾਵੇ,
ਚਿੜੀ ਦੇ ਖੰਭ ਦੀ ਲਲਕਾਰ ਸੌ ਬਾਜਾਂ ਨੂੰ ਖਾ ਜਾਵੇ,

ਮੈਂ ਕਿੰਝ ਤਲਵਾਰ ਦੀ ਗਾਨੀ ਅੱਜ ਆਪਣੇ ਗੀਤ ਗਲ ਪਾਵਾਂ,
ਮੇਰਾ ਹਰ ਗੀਤ ਬੁਜ਼ਦਿਲ ਹੈ ਮੈਂ ਕਿਹੜਾ ਗੀਤ ਅੱਜ ਗਾਵਾਂ,
ਮੈਂ ਕਿਹੜੇ ਬੋਲ ਦੀ ਭੇਟਾ ਲੈ ਤੇਰੇ ਦੁਆਰ ਤੇ ਆਵਾਂ,

ਮੇਰੇ ਗੀਤਾਂ ਦੀ ਮਹਿਫ਼ਲ 'ਚੋਂ ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸ਼ੀਸ ਮੰਗਣ ਤੇ ਤੇਰੇ ਸਾਹਵੇਂ ਖੜ੍ਹਾ ਹੋਵੇ,
ਜੋ ਮੈਲੇ ਹੋ ਚੁੱਕੇ ਲੋਹੇ ਨੂੰ ਆਪਣੇ ਖ਼ੂਨ ਵਿੱਚ ਧੋਵੇ,
ਕਿ ਜਿਸ ਦੀ ਮੌਤ ਪਿੱਛੋਂ ਉਸ ਨੂੰ ਕੋਈ ਸ਼ਬਦ ਨਾ ਰੋਵੇ,
ਕਿ ਜਿਸ ਨੂੰ ਪੀੜ ਤਾਂ ਕੀਹ ਪੀੜ ਦਾ ਅਹਿਸਾਸ ਨਾ ਛੋਹਵੇ,
ਜੋ ਲੋਹਾ ਪੀ ਸਕੇ ਉਹ ਗੀਤ ਕਿੱਥੋਂ ਲੈ ਕੇ ਮੈਂ ਆਵਾਂ,
ਮੈਂ ਆਪਣੀ ਪੀੜ ਦੇ ਅਹਿਸਾਨ ਕੋਲੋਂ ਦੂਰ ਕਿੰਝ ਜਾਵਾਂ,

ਮੈਂ ਤੇਰੀ ਉਸਤਤੀ ਦਾ ਗੀਤ ਚਾਹੁੰਦਾਂ ਹਾਂ ਕਿ ਉਹ ਹੋਵੇ,
ਜਿਹਦੇ ਹੱਥ ਸੱਚ ਦੀ ਤਲਵਾਰ ਨੈਣਾਂ 'ਚ ਰੋਹ ਹੋਵੇ,
ਜਿਹਦੇ ਵਿੱਚ ਵਤਨ ਦੀ ਮਿੱਟੀ ਲਈ ਅੰਤਾਂ ਦਾ ਮੋਹ ਹੋਵੇ,
ਜਿਹਦੇ ਵਿੱਚ ਲਹੂ ਤੇਰੇ ਦੀ ਰਲੀ ਲਾਲੀ ਤੇ ਲੋਅ ਹੋਵੇ,
ਮੈਂ ਆਪਣੇ ਲਹੂ ਦਾ ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ,
ਮੈਂ ਬੁਜ਼ਦਿਲ ਗੀਤ ਲੈ ਕੇ ਕਿਸ ਤਰਾਂ ਤੇਰੇ ਦੁਆਰ ਤੇ ਆਵਾਂ,

ਮੈਂ ਚਾਹੁੰਦਾ ਏਸ ਤੋਂ ਪਹਿਲਾਂ ਕਿ ਤੇਰੀ ਆਰਤੀ ਗਾਵਾਂ,
ਮੈਂ ਮੈਲੇ ਸ਼ਬਦ ਧੋ ਕੇ ਜੀਭ ਦੀ ਕਿੱਲੀ ਤੇ ਪਾ ਆਵਾਂ,
ਤੇ ਮੈਲੇ ਸ਼ਬਦ ਸੁੱਕਣ ਤੀਕ ਤੇਰੀ ਹਰ ਪੈੜ ਚੁੰਮ ਆਵਾਂ,
ਤੇਰੀ ਹਰ ਪੈੜ ਤੇ ਹੰਝੂ ਦਾ ਇੱਕ ਸੂਰਜ ਜਗਾ ਆਵਾਂ,
ਮੈਂ ਲੋਹਾ ਪੀਣ ਦੀ ਆਦਤ ਜ਼ਰਾ ਗੀਤਾਂ ਨੂੰ ਪਾ ਆਵਾਂ,
ਮੈਂ ਸ਼ਾਇਦ ਫੇਰ ਕੁੱਝ ਭੇਟਾ ਕਰਨ ਯੋਗ ਹੋ ਜਾਵਾਂ,
ਮੈਂ ਬੁਜ਼ਦਿਲ ਗੀਤ ਲੈ ਕੇ ਕਿਸ ਤਰ੍ਹਾਂ ਤੇਰੇ ਦੁਆਰ ਆਵਾਂ,

ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ,
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ।

- ਸ਼ਿਵ ਕੁਮਾਰ ਬਟਾਲਵੀ

